This question paper contains 3 printed pages]

*Your Roll No.*...............

**689**

**B.A. (PROGRAMME)/II** **B-I**

PUNJABI LANGUAGE (C)—Paper II

(Basic Punjabi)

*Time : 3 Hours* *Maximum Marks* : 100

(*Write your Roll No. on the top immediately on receipt of this question paper.*)

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਉਸਦੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

"ਜਿਸ ਬੋਲੀ ਵਿਚ ਵਿਆਕਰਣ, ਕੋਸ਼ ਤੇ ਸਾਹਿਤ ਦਾ ਨਿਰਮਾਣ ਹੋ ਗਿਆ ਹੋਵੇ, ਆਮ ਕਰਕੇ ਉਸਨੂੰ ਸਾਹਿਤਕ ਬੋਲੀ ਕਹਿਣ ਦਾ ਰਿਵਾਜ਼ ਹੈ । ਅਜਿਹੀ ਬੋਲੀ ਸਰਕਾਰੀ ਬੋਲੀ ਬਣਨ ਦੇ ਗੁਣ ਰੱਖਦੀ ਹੈ । ਵਿਸ਼ੇਸ਼ ਨੇਮਾਂ ਤੇ ਪ੍ਰਯੋਗਾਂ ਦੇ ਕਾਰਣ ਅਜਿਹੀ ਸਾਹਿੱਤਕ ਬੋਲੀ ਇਕ ਤਰ੍ਹਾਂ ਕਿਤਾਬੀ ਬੋਲੀ ਬਣ ਜਾਂਦੀ ਹੈ । ਇਸ ਉਪਰ ਪਿਛਲੀ ਪੀੜ੍ਹੀ ਦੇ ਲੇਖਕਾਂ ਦਾ ਗੂੜ੍ਹਾ ਪ੍ਰਭਾਵ ਹੁੰਦਾ ਹੈ ਅਤੇ ਇਸਦੇ ਸ਼ੁਧ ਤੇ ਨਿਰੋਲ ਰੂਪ ਦੀ ਰੱਖਿਆ ਕਰਨ ਦਾ ਉਚੇਚ ਪੜ੍ਹੇ– ਲਿਖੇ ਲੋਕਾਂ ਵੱਲੋਂ ਕੀਤਾ ਜਾਂਦਾ ਹੈ । ਇਸਦੇ ਮੁਕਾਬਲੇ ਤੇ ਸਧਾਰਣ ਜਨਤਾ ਦੀ ਬੋਲੀ ਹੁੰਦੀ ਹੈ, ਜਿਸ ਵਿਚ ਪੇਂਡੂ ਰੰਗਤ ਵਰਤਮਾਨ ਰਹਿੰਦੀ ਹੈ । ਇਹਨਾਂ ਦੇ ਰੂਪਾਂ ਦੀ ਬੋਲੀ ਦਾ ਅੰਤਰ ਸਿਖਿਆ ਦੇ ਵਾਧੇ ਅਤੇ ਨਾਗਰਿਕਤਾ ਦੇ ਪ੍ਰਸਾਰ ਕਾਰਣ ਘਟ ਹੋ ਜਾਂਦਾ ਹੈ, ਪਰ ਕਦੇ ਵੀ ਪੂਰੀ ਤਰ੍ਹਾਂ ਅਲੋਪ ਨਹੀਂ ਹੁੰਦਾ ।"

(ੳ) ਆਮ ਕਰਕੇ ਸਾਹਿਤ ਬੋਲੀ ਕਿਸਨੂੰ ਕਹਿੰਦੇ ਹਨ ?

(ਅ) ਸਾਹਿਤਕ ਬੋਲੀ ਦੇ ਗੁਣ ਦੱਸੋ ।

(ੲ) ਸਾਹਿਤਕ ਬੋਲੀ ਨੂੰ ਕਿਤਾਬੀ ਬੋਲੀ ਕਿਵੇਂ ਬਣਾਇਆ ਜਾਂਦਾ ਹੈ ?

(ਜ) ਸਾਹਿਤਕ ਅਤੇ ਸਾਧਾਰਣ ਬੋਲੀ ਵਿਚ ਕੀ ਅੰਤਰ ਹੈ ?

(ਹ) ਕੀ ਸਾਹਿਤਕ ਅਤੇ ਸਧਾਰਣ ਜਨਤਾ ਦੀ ਬੋਲੀ ਵਿਚਲਾ ਅੰਤਰ ਘਟਦਾ ਘਟਦਾ ਮਿਟ ਜਾਂਦਾ ਹੈ ? 15

2. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਆਪਣੇ ਘਰ ਦੀ ਹਾਲਤ ਦਸ ਕੇ ਆਰਥਿਕ ਸਹਾਇਤਾ ਲਈ ਅਰਜ਼ੀ ਲਿਖੋ ।

ਜਾਂ

ਤੁਸੀਂ ਪੜ੍ਹੇ ਲਿਖੇ ਤੇ ਕੰਪਿਊਟਰ ਵਿਚ ਸਿਖਿਆ ਹਾਸਲ ਕੀਤੀ ਹੈ । ਬੈਂਕ ਦੇ ਮਨੈਜਰ ਨੂੰ ਕਲਰਕ ਦੀ ਨੌਕਰੀ ਲਈ ਬਿਨੈ-ਪੱਤਰ ਲਿਖੋ । 15

3. ਹੇਠ ਲਿਖਿਆਂ ਵਿਚੋਂ ਕਿਸੇ ਇਕ ਵਿਸ਼ੇ ਉਪਰ ਸੱਦਾ-ਪੱਤਰ ਤਿਆਰ ਕਰੋ :

(ੳ) ਆਪਣੇ ਘਰ ਦੇ ਮਹੂਰਤ ਲਈ ।

(ਅ) ਪੰਜਾਬੀ ਵਾਦ-ਵਿਵਾਦ ਪ੍ਰਤਿਯੋਗਤਾ ਲਈ ।

(ੲ) ਭਤੀਜੇ ਦੇ ਜਨਮ ਦਿਨ ਲਈ । 15

4. ਆਪਣੇ ਨਾਲ ਵਾਪਰੀ ਕਿਸੇ ਦਿਲਚਸਪ ਘਟਨਾ ਨੂੰ ਬਿਰਤਾਂਤਕ ਵਿਧੀ ਨਾਲ ਲਿਖੋ ।

ਜਾਂ

ਆਪਣੀ ਸਹੇਲੀ ਨਾਲ ਸ਼ਿਮਲਾ ਦੀ ਸੈਰ 'ਤੇ ਗਏ ਦਾ ਹਾਲ ਬਿਰਤਾਂਤਕ ਵਿਧੀ ਵਿਚ ਲਿਖੋ । 10

5. (ੳ) ਵਿਆਕਰਣ ਦੀ ਪਰਿਭਾਸ਼ਾ ਦੱਸੋ । ਇਸਦੇ ਕੁਲ ਕਿੰਨੇ ਭਾਗ ਹੁੰਦੇ ਹਨ ? 5

(ਅ) ਕਿਰਿਆ ਜਾਂ ਵਿਸ਼ੇਸ਼ਣ ਕਿਸਨੂੰ ਕਹਿੰਦੇ ਹਨ ? ਇਸਦੀਆਂ ਕਿਸਮਾਂ ਉਦਾਹਰਣਾਂ ਸਹਿਤ ਲਿਖੋ । 10

(ੲ) ਹੇਠ ਲਿਖੇ ਬਹੁ-ਅਰਥਕ ਸ਼ਬਦਾਂ ਨੂੰ ਵਾਕਾਂ ਵਿਚ ਵਰਤੋ :

ਖਾਤਰ, ਕਾਫੀ, ਨਾਲ, ਉੱਤਰ, ਘੜੀ । 10

6. (ੳ) ਹੇਠਾਂ ਦਿੱਤੇ ਵਿਸਮਿਕ ਚਿੰਨ੍ਹ ਕਿਸ ਤਰ੍ਹਾਂ ਦੀਆਂ ਮਨੋਭਾਵਨਾਵਾਂ ਨੂੰ ਪਰਗਟ ਕਰਦੇ ਹਨ ?

ਵਾਹ ! ਬੱਲੇ ! ਖ਼ਬਰਦਾਰ ! ਕਾਸ਼ ! ਊਈ ! 5

(ਅ) ਪੰਜਾਬੀ ਭਾਸ਼ਾ ਵਿਚ ਵਰਤੇ ਜਾਂਦੇ ਅੰਗ੍ਰੇਜ਼ੀ ਤੇ ਉਰਦੂ ਦੇ ਕੋਈ **ਪੰਜ** ਸ਼ਬਦ ਲਿਖੋ । 5

7. ਹੇਠ ਲਿਖੇ ਸ਼ਬਦਾਂ ਵਿਚੋਂ ਕਿਸੇ **ਦਸ** ਸ਼ਬਦਾਂ ਦਾ ਪੰਜਾਬੀ ਵਿਚ ਅਨੁਵਾਦ ਕਰੋ :

Agreement, Action, Belief, Concept, Fiction, Heart, Lungs, Narration, Romantic, Sentimental, Symbol, Blood, Negative, Comedy, Dance.

**ਜਾਂ**

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸਖੇਪ ਵਿਚ ਦਿਉ :

(*i*) ਪੰਜਾਬੀ ਭਾਸ਼ਾ ਦੀ ਕਿਹੜੀ ਲਿਪੀ ਹੈ ? ਕੋਈ ਦੋ ਵਿਸ਼ੇਸ਼ਤਾਵਾਂ ਲਿਖੋ ।

(*ii*) ਟਿੱਪੀ ਤੇ ਬਿੰਦੀ ਦਾ ਅੰਤਰ ਉਦਾਹਰਣ ਦੇ ਕੇ ਸਮਝਾਉ ।

(*iii*) ਪੰਜਾਬੀ ਪੈਰੀ-ਬਿੰਦੀ ਵਾਲੇ **ਪੰਜ** ਅੱਖਰ (ਵਰਨ) ਕਿਹੜੇ ਹਨ ? ਅਤੇ ਇਕ-ਇਕ ਉਦਾਹਰਨ ਦੇ ਕੇ ਲਿਖੋ ।

(*iv*) ਪੰਜਾਬੀ ਦੀਆਂ ਲਗਾਂ-ਮਾਤਰਾਂ ਦੇ ਨਾਂ ਲਿਖੋ ਅਤੇ ਚਿੰਨ੍ਹ ਬਣਾਉ । 10